# ਆਉ ਲੰਗਰ ਦੁਆਰਾ ਨਿੱਘ ਵੰਡੀਏ

ਟੋਰੰਟੋ 12 ਫਰਵਰੀ 2016: ਜ਼ਰਾ ਸੋਚੋ ਅਣਜਾਣੇ ਭਵਿਖ ਵੱਲ ਚਲੇ ਉਸ ਸਫ਼ਰ ਬਾਰੇ ਜਿਸ ਵਿਚ ਭੁੱਖ ਹੈ, ਥੱਕਾਨ ਹੈ ਅਤੇ ਸਰਦੀ ਦਾ ਮੌਸਮ ਹੈ। ਹਜਾਰਾਂ ਲੋਕਾਂ ਦੀ ਇਹ ਸਚਾਈ ਹੈ, ਜਦੋਂ ਇਹ ਰਫਿਊਜੀ ਮੈਸੇਡੋਨੀਆ-ਸਰਬੀਆ ਸਰਹੱਦ ਪਾਰ ਕਰਨ ਤੋਂ ਪਹਿਲਾਂ ਤਬਾਨੋਸੇ, ਮੈਸੇਡੋਨੀਆ ਪਹੁੰਚਦੇ ਹਨ ਤਾਂ ਉਹਨਾਂ ਦਾ ਸੁਆਗਤ ਮਨੁੱਖਤਾ ਦੀ ਸੇਵਾ ਦੀ ਤਾਂਘ ਵਿਚ ਖੜੇ ਯੂਨਾਈਟਿਡ ਸਿਖਸ ਦੇ ਸੇਵਾਦਾਰ ਕਰਦੇ ਹਨ।

ਯੂਨਾਈਟਿਡ ਸਿਖਸ ਦੇ ਸੇਵਾਦਾਰ ਮਨੀ ਸਿੰਘ ਜਿਹੜੇ ਕਿ ਪਹਿਲਾਂ ਫਿਲਪੀਨ ਵਿਚ ਵੀ ਸੇਵਾ ਕਰ ਚੁੱਕੇ ਹਨ ਦੀ ਭਾਵਨਾ ਹੈ ਕਿ ਇਹਨਾਂ ਲੋੜਵੰਦਾਂ ਦੀ ਉਹਨਾਂ ਕੋਲ ਪਹੁੰਚ ਕੇ ਖੁਦ ਮਦਦ ਕੀਤੀ ਜਾਵੇ ਪਰ ਇਸ ਸੇਵਾ ਲਈ ਤੁਹਾਡੀ ਮਦਦ ਦੀ ਲੋੜ ਹੈ। ਮਨੀ ਸਿੰਘ 24 ਫਰਵਰੀ ਨੂੰ ਮੈਸੇਡੋਨੀਆ ਲਈ ਰਵਾਨਾ ਹੋ ਰਹੇ ਹਨ ਤਾਂ ਕਿ ਉਹਨਾਂ ਹਜਾਰਾਂ ਰਫਿਊਜੀਆਂ ਨੂੰ ਲੰਗਰ ਛਕਾਇਆ ਜਾਵੇ ਜਿਹੜੇ ਹਿੰਸਾ ਤੋਂ ਜਾਨ ਬਚਾ ਕੇ ਰੇਲਗਡੀ ਰਾਹੀਂ ਜਿਸਦਾ ਨਾਂ ਸਾਈਲੈਂਟ ਟਰੇਨ ਹੈ, ਮੈਸੇਡੋਨੀਆ ਪਹੁੰਚਦੇ ਹਨ। ਯੂਨਾਈਟਿਡ ਸਿਖਸ ਕੈਨੇਡਾ ਵਿਚ ਦਾਨ ਇਕਠਾ ਕਰਨ ਲਈ ਰਫਿਊਜੀ ਰਿਲੀਫ਼ ਫੰਡਰੇਜ਼ਿੰਗ ਮੁਹਿੰਮ ਚਲਾਉਣ ਜਾ ਰਿਹਾ ਹੈ ਤਾਂ ਕਿ ਮੈਸੇਡੋਨੀਆ ਵਿਚ ਲੰਗਰ ਨੂੰ ਜਾਰੀ ਰੱਖਿਆ ਜਾ ਸਕੇ, ਹੁਣ ਤੱਕ 35000 ਲੋਕਾਂ ਨੂੰ ਲੰਗਰ ਛੱਕਾਇਆ ਜਾ ਚੁੱਕਾ ਹੈ। ਸਰਦੀ ਦੇ ਮੌਸਮ ਵਿਚ ਵੀ ਹਜਾਰਾਂ ਪ੍ਰਵਾਸੀਆਂ ਦੇ ਝੁੰਡ ਜਿਹਨਾਂ ਵਿਚ ਬੱਚੇ, ਅਪਾਹਜ ਬਜ਼ੁਰਗ, ਵੀਰ, ਭੈਣਾਂ ਸ਼ਾਮਲ ਹਨ ਸਰਹੱਦ ਪਾਰ ਕਰ ਰਹੇ ਹਨ।




*ਸੀਰੀਆ ਦੀ ਹਿੰਸਾ ਤੋਂ ਬਚਣ ਲਈ ਯੌਰਪ ਵਲ ਰਵਾਨਗੀ*

ਆਉਣ  ਵਾਲੇ ਦਿਨਾਂ ਵਿਚ ਯੂਨਾਈਟਿਡ ਸਿਖਸ ਦੇ ਸੇਵਾਦਾਰ ਵੱਖ-ਵੱਖ ਰੇਡੀਉ ਅਤੇ ਟੀਵੀ ਪ੍ਰੋਗਰਾਮਾਂ ਰਾਹੀਂ ਗਲਬਾਤ ਕਰਨਗੇ ਕਿ ਉਹਨਾਂ ਲੋਕਾਂ ਨੂੰ ਸਾਡੀ ਮਦਦ ਦੀ ਲੋੜ ਕਿਉਂ ਹੈ, ਸਾਡਾ ਵਿਸ਼ਵਾਸ਼ ਹੈ ਕਿ ਕੋਈ ਵੀ ਭੁੱਖਾ ਨਾ ਰਹੇ ਅਤੇ ਚੁਪ-ਚੁਪੀਤੇ ਦੁੱਖ ਨਾ ਸਹੇ। ਅਸੀਂ ਸਮੁਚੇ ਭਾਈਚਾਰੇ ਨੂੰ ਬੇਨਤੀ ਕਰਾਂਗੇ ਕਿ ਉਹਨਾਂ ਬੇਸਹਾਰਾ ਲੋਕਾਂ ਲਈ ਜਿਹੜੇ ਕਿ ਆਪਣਾ ਸੱਭ ਕੁਝ ਗੁਆ ਚੁਕੇ ਹਨ ਆਉ ਕੁਝ ਨਾ ਕੁਝ ਦਾਨ ਕਰੀਏ ਤਾਂ ਕਿ ਲੰਗਰ ਦਾ ਪ੍ਰਬੰਧ ਹੋ ਸਕੇ।

ਹੁਣ ਤੱਕ 35000 ਸੀਰੀਅਨ ਪ੍ਰਵਾਸੀਆਂ ਨੂੰ ਬ੍ਰੈਡ ਅਤੇ ਗਰਮ ਸੂਪ ਛਕਾਇਆ ਜਾ ਚੁੱਕਾ ਹੈ ਅਤੇ ਇਹ ਸੱਭ ਤੁਹਾਡੀ ਮਦਦ ਸਦਕਾ ਹੀ ਸੰਭਵ ਸੀ। ਅਸੀਂ ਆਪ ਸੱਭ ਨੂੰ ਬੇਨਤੀ ਕਰਦੇ ਹਾਂ ਕਿ ਮੈਸੇਡੋਨੀਆ ਵਿਚ ਲੰਗਰ ਦੀ ਸੇਵਾ ਨੂੰ ਜਾਰੀ ਰੱਖਣ ਲਈ ਸਾਡੀ ਇਕ ਵਾਰ ਫਿਰ ਮਦਦ ਕਰੋ ਤਾਂਕਿ ਗੁਰੂ ਸਾਹਿਬ ਦੇ “ਮਾਨਸ ਕੀ ਜਾਤ ਸੱਭੈ ਏਕੈ ਪਹਿਚਾਨਬੋ” ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾ ਸਕੀਏ। ਤੁਸੀਂ ਆਪਣਾ ਦਸਵੰਧ ਦਫ਼ਤਰ ਦੇ ਪਤੇ ਤੇ ਭੇਜ ਸਕਦੇ ਹੋ 209-2970 ਡਰੀਊ ਰੋਡ ਮਿਸੀਸਾਗਾ ਉਨਟਾਰੀਉ L4T-0A6 ਜਾਂ ਸਿੱਧਾ ਟੀ.ਡੀ. ਬੈਂਕ ਦੇ ਖਾਤਾ ਨੰਬਰ 0184-5233419 ਵਿਚ ਜਮਾਂ ਕਰਵਾ ਸਕਦੇ ਹੋ ਜਾਂ ਫਿਰ ਵੈਬਸਾਈਟ ਤੇ ਔਨ-ਲਾਈਨ ਵੀ ਦਾਨ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ ਤੁਸੀਂ ਸਾਡੀ ਵੈਬ-ਸਾਈਟ ਜਾਂ ਸੋਸ਼ਲ ਮੀਡੀਏ ਦਾ ਵੀ ਸਹਾਰਾ ਲੈ ਸਕਦੇ ਹੋ।

ਜਾਰੀ ਕਰਤਾ:

ਸੁਖਵਿੰਦਰ ਸਿੰਘ

ਡਾਇਰੈਕਟਰ, ਯੂਨਾਈਟਿਡ ਸਿਖਸ ਕੈਨੇਡਾ

ਫ਼ੋਨ ਨੰ: 905.672.2245 ਜਾਂ 416.895.4100

ਈ-ਮੇਲ: sikhaid@unitedsikhs.org